**WACE ਭਾਸ਼ਾ ਦੀ ਅਰਜ਼ੀ ਪ੍ਰਕਿਰਿਆ – ਮਾਪਿਆਂ/ਸਰਪ੍ਰਸਤਾਂ ਵਾਸਤੇ ਜਾਣਕਾਰੀ**

ਸਾਰੇ ਵਿਦਿਆਰਥੀ ਜੋ WACE ਭਾਸ਼ਾ ਦੇ ਕੋਰਸ ਵਿੱਚ ਦਾਖ਼ਲਾ ਲੈਣਾ ਚਾਹੁੰਦੇ ਹਨ, ਨੂੰ ਵਿਦਿਆਰਥੀ ਪੋਰਟਲ (https://studentportal.scsa.wa.edu.au) ਰਾਹੀਂ ਸਕੂਲ ਪਾਠਕ੍ਰਮ ਅਤੇ ਮਿਆਰ ਅਥਾਰਟੀ (ਅਥਾਰਟੀ) ਨੂੰ *WACE ਭਾਸ਼ਾ ਦੇ ਕੋਰਸ* (*ਭਾਸ਼ਾ ਲਈ ਅਰਜ਼ੀ*) ਵਿੱਚ *ਦਾਖ਼ਲਾ ਲੈਣ ਦੀ ਇਜਾਜ਼ਤ ਲਈ ਅਰਜ਼ੀ* ਜਮ੍ਹਾਂ ਕਰਵਾਉਣ ਦੀ ਲੋੜ ਹੁੰਦੀ ਹੈ।

*ਭਾਸ਼ਾ ਲਈ ਅਰਜ਼ੀ* ਵਿਦਿਆਰਥੀਆਂ ਦੁਆਰਾ ਉਦੋਂ ਪੂਰੀ ਕੀਤੀ ਜਾਂਦੀ ਹੈ ਜਦੋਂ ਉਹ 10ਵੀਂ* ਜਮਾਤ ਵਿੱਚ ਹੁੰਦੇ ਹਨ।

*ਭਾਸ਼ਾ ਲਈ ਅਰਜ਼ੀ* ਨੂੰ ਪੂਰਾ ਕਰਨ ਲਈ, ਵਿਦਿਆਰਥੀ ਨੂੰ ਘਰ ਵਿੱਚ ਜਾਂ ਸਕੂਲ ਵਿੱਚ ਕੰਪਿਊਟਰ ਦੀ ਵਰਤੋਂ ਕਰਨ ਦੀ ਲੋੜ ਪਵੇਗੀ। ਜੇ ਤੁਹਾਡੇ ਕੋਈ ਸਵਾਲ ਹਨ, ਤਾਂ ਭਾਸ਼ਾ ਅਧਿਆਪਕ ਨੂੰ ਜਾਂ ਸਕੂਲ ਦੇ ਪ੍ਰਸ਼ਾਸਨ ਨੂੰ ਤੁਹਾਡੀ ਮਦਦ ਕਰਨ ਲਈ ਪੁੱਛੋ।

**ਲੋੜੀਂਦੀ ਜਾਣਕਾਰੀ**

ਵਿਦਿਆਰਥੀ ਨੂੰ ਹੇਠ ਲਿਖੇ ਵੇਰਵੇ ਪ੍ਰਦਾਨ ਕਰਨ ਦੀ ਲੋੜ ਪਵੇਗੀ:

- ਪ੍ਰੀ-ਪ੍ਰਾਇਮਰੀ ਤੋਂ ਲੈ ਕੇ ਹਰ ਸਕੂਲੀ ਸਾਲ ਵਾਸਤੇ ਸਾਰੇ ਸਕੂਲਾਂ ਦੇ ਵੇਰਵੇ ਜਿੱਥੇ ਪੜ੍ਹਾਈ ਕੀਤੀ ਹੈ
- ਉਹਨਾਂ ਸਾਲਾਂ ਦੀਆਂ ਸਕੂਲ ਰਿਪੋਰਟ/ਟਾਂ ਜਿੱਥੇ ਉਹਨਾਂ ਨੇ ਵਿਦੇਸ਼ ਵਿੱਚ ਸਕੂਲ/ਲਾਂ ਵਿੱਚ ਪੜ੍ਹਾਈ ਕੀਤੀ ਸੀ
- ਉਹ ਦੇਸ਼ ਜਿੰਨ੍ਹਾਂ ਵਿੱਚ ਉਹ ਰਹਿੰਦੇ ਰਹੇ ਹਨ
- ਉਹ ਦੇਸ਼ ਜਿੰਨ੍ਹਾਂ ਦਾ ਉਹ ਪਹਿਲਾਂ ਦੌਰਾ ਕਰ/ਯਾਤਰਾ ਕਰ/ਛੁੱਟੀਆਂ ਮਨਾ ਚੁੱਕੇ ਹਨ, ਜਿਸ ਵਿੱਚ ਦੇਸ਼ ਦੇ ਦੌਰੇ ਦੇ ਕਾਰਨ ਅਤੇ ਯਾਤਰਾ ਦੀ ਲੰਬਾਈ ਵੀ ਸ਼ਾਮਲ ਹੈ। ਇਸ ਵਿੱਚ ਸਿਰਫ਼ ਉਹ ਦੇਸ਼ ਸ਼ਾਮਲ ਹਨ ਜਿੱਥੇ ਬੋਲੀ ਜਾਣ ਵਾਲੀ ਭਾਸ਼ਾ ਉਹੀ ਹੈ ਜਿਸ ਲਈ ਉਹ ਅਰਜ਼ੀ ਦੇ ਰਹੇ ਹਨ
- ਪਹਿਲੀ ਭਾਸ਼ਾ/ਵਾਂ ਜਿਸ ਨੂੰ ਉਹਨਾਂ ਨੇ ਬੋਲਣਾ ਸਿੱਖਿਆ ਸੀ
- ਹੋਰ ਭਾਸ਼ਾ/ਵਾਂ ਜਿਸ ਨੂੰ ਉਹ ਬੋਲ, ਪੜ੍ਹ ਅਤੇ ਲਿਖ ਸਕਦੇ ਹਨ
- ਉਹ ਭਾਸ਼ਾ/ਵਾਂ ਜਿਸ ਰਾਹੀਂ ਉਹ ਆਪਣੇ ਮਾਪੇ/ਮਾਪਿਆਂ ਜਾਂ ਸਰਪ੍ਰਸਤ/ਤਾਂ ਨਾਲ ਅਤੇ ਆਪਣੇ ਭੈਣ-ਭਰਾਵਾਂ ਤੇ ਦੋਸਤਾਂ ਨਾਲ ਗੱਲ ਕਰਦੇ ਹਨ
- ਉਹ ਭਾਸ਼ਾ/ਵਾਂ ਜੋ ਉਨ੍ਹਾਂ ਦੇ ਮਾਪੇ ਜਾਂ ਸਰਪ੍ਰਸਤ ਬੋਲਦੇ ਹਨ।

**ਸਹਿਯੋਗੀ ਦਸਤਾਵੇਜ਼**

ਵਿਦਿਆਰਥੀ ਨੂੰ ਆਪਣੀ ਅਰਜ਼ੀ ਵਿੱਚ ਅੱਪਲੋਡ ਕਰਨ ਲਈ ਹੇਠ ਲਿਖੇ ਦਸਤਾਵੇਜ਼ਾਂ ਦੀ ਫੋਟੋ ਜਾਂ ਸਕੈਨ ਪ੍ਰਦਾਨ ਕਰਨ ਦੀ ਲੋੜ ਹੁੰਦੀ ਹੈ:

- ਭਰਿਆ ਹੋਇਆ *ਮਾਪੇ/ਸਰਪ੍ਰਸਤ ਦਾ ਪ੍ਰਵਾਨਗੀ* ਫਾਰਮ (ਲਾਜ਼ਮੀ)
- ਪਾਸਪੋਰਟ ਦਾ ਪਛਾਣ ਪੰਨਾ, ਜੇ ਉਹ ਕਿਸੇ ਹੋਰ ਦੇਸ਼ ਵਿੱਚ ਪੈਦਾ ਹੋਏ ਸਨ ਜਾਂ ਆਸਟ੍ਰੇਲੀਆ ਤੋਂ ਬਾਹਰ ਰਹਿੰਦੇ ਰਹੇ ਹਨ
- ਵਿਦੇਸ਼ੀ ਸਕੂਲ ਰਿਪੋਰਟ/ਰਿਪੋਰਟਾਂ, ਜੇ ਉਹ ਆਸਟ੍ਰੇਲੀਆ ਤੋਂ ਬਾਹਰ ਸਕੂਲ/ਸਕੂਲਾਂ ਵਿੱਚ ਗਏ ਹਨ

- ਅੰਤਰਰਾਸ਼ਟਰੀ ਗੇੜਿਆਂ ਦਾ/ਦੇ ਰਿਕਾਰਡ, ਜੇ ਉਹ ਉਹਨਾਂ ਦੇਸ਼ਾਂ ਜਾਂ ਜਗ੍ਹਾਵਾਂ ਵਿੱਚ ਰਹਿੰਦੇ ਰਹੇ ਹਨ ਜਾਂ ਅਕਸਰ ਯਾਤਰਾ ਕਰਦੇ ਹਨ ਜਿੱਥੇ ਬੋਲੀ ਜਾਣ ਵਾਲੀ ਭਾਸ਼ਾ ਉਹੀ ਹੈ ਜਿਸ ਵਾਸਤੇ ਉਹ ਅਰਜ਼ੀ ਦੇ ਰਹੇ ਹਨ (ਜੇ ਅਥਾਰਟੀ ਦੁਆਰਾ ਬੇਨਤੀ ਕੀਤੀ ਜਾਂਦੀ ਹੈ)।

ਭਾਸ਼ਾ ਦੀ ਅਰਜ਼ੀ ਪ੍ਰਕਿਰਿਆ ਬਾਰੇ ਹੋਰ ਜਾਣਕਾਰੀ WACE ਭਾਸ਼ਾ ਦੀਆਂ ਅਰਜ਼ੀਆਂ ਦੇ ਵੈੱਬਪੇਜ (https://www.scsa.wa.edu.au/sirs-and-srms-info/srms-information/wace-language-applications) 'ਤੇ ਲੱਭੀ ਜਾ ਸਕਦੀ ਹੈ।

* ਇਹ 9ਵੀਂ ਜਮਾਤ ਵਿੱਚ ਭਾਸ਼ਾ ਦੇ ਉਹਨਾਂ ਹੁਨਰਮੰਦ ਅਤੇ ਪ੍ਰਤਿਭਾਸ਼ਾਲੀ/ਤੇਜ਼ ਵਿਦਿਆਰਥੀਆਂ ਉੱਤੇ ਵੀ ਲਾਗੂ ਹੁੰਦਾ ਹੈ ਜੋ 10ਵੀਂ ਜਮਾਤ ਵਿੱਚ ਪੜ੍ਹਦੇ ਸਮੇਂ 11ਵੀਂ ਜਮਾਤ ਵਾਲਾ ਭਾਸ਼ਾ ਦਾ ਕੋਰਸ ਕਰਨ ਲਈ ਅਰਜ਼ੀ ਦੇਣਗੇ।